**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਵੈਬਸਾਈਟ : www.ssapunjab.org || www.epunjabschool.gov.in

ਵੱਲ :

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),**
**ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀ,**
**ਪੰਜਾਬ।**

ਮੀਮੋ ਨੰ :- ਸਸਅ/2012/ਐਮ.ਆਈ.ਐਸ./ਸਕੂਲ ਫੰਡ/ 4683
ਮਿਤੀ ਚੰਡੀਗੜ੍ਹ 5 ਮਾਰਚ, 2013

**ਵਿਸ਼ਾ :** **ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀਆਂ ਵਲੋਂ ਕੰਪਿਊਟਰ ਖਰੀਦਣ ਅਤੇ ਉਸ ਦੀ ਵਰਤੋਂ ਕਰਨ ਸਬੰਧੀ।**

1) ਤਕਨਾਲੋਜੀ ਦੇ ਇਸ ਯੁੱਗ ਵਿਚ ਜਿੱਥੇ ਸਰਕਾਰ ਵਲੋਂ ਕਈ ਸਕੀਮਾਂ ਅਧੀਨ ਸਕੂਲਾਂ ਨੂੰ ਕੰਪਿਊਟਰ, ਇੰਟਰਨੈਟ ਅਤੇ ਏਜੂਸੈਟ ਆਦਿ ਨਾਲ ਜੋੜਿਆ ਗਿਆ ਹੈ ਉੱਥੇ ਹੀ ਬੱਚਿਆਂ ਵਿਚ ਤਕਨਾਲੋਜੀ ਨੂੰ ਸਿੱਖਣ ਅਤੇ ਇਸ ਦੀ ਵਰਤੋਂ ਸਬੰਧੀ ਵੀ ਕਈ ਉਪਰਾਲੇ ਕੀਤੇ ਜਾ ਰਹੇ ਹਨ।

2) ਪਿਛਲੇ ਕੁੱਝ ਸਮੇਂ ਤੋਂ ਸਿੱਖਿਆ ਵਿਭਾਗ ਵਲੋਂ ਸਕੂਲਾਂ ਸਬੰਧੀ ਜਾਣਕਾਰੀ ਨੂੰ ਆਨ-ਲਾਈਨ ਕਰਨ ਸਬੰਧੀ ਵੀ ਕਈ ਕਦਮ ਚੁੱਕੇ ਗਏ ਹਨ। ਵਿਭਾਗ ਵਲੋਂ www.epunjabschool.gov.in ਨਾ ਦਾ ਵੈਬ-ਪੋਰਟਲ ਬਣਾ ਕੇ ਅਜਿਹਾ ਹੀ ਇੱਕ ਉਪਰਾਲਾ ਕੀਤਾ ਗਿਆ ਹੈ। ਸਕੂਲਾਂ ਵਲੋਂ ਆਪਣੇ ਸਕੂਲ ਦੇ ਬੁਨਿਆਦੀ ਢਾਂਚੇ, ਅਧਿਆਪਕ, ਵਿਦਿਆਰਥੀਆਂ ਆਦਿ ਸਬੰਧੀ ਜਾਣਕਾਰੀ ਨੂੰ ਇਸ ਪੋਰਟਲ ਉੱਤੇ ਦਰਜ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਵਿਭਾਗ ਦੀ ਵੈਬ-ਸਾਈਟ www.ssapunjab.org ਉੱਤੇ ਵੀ ਰੋਜਾਨਾ ਕਈ ਪ੍ਰਕਾਰ ਦੇ ਪੱਤਰ, ਸਰਕੂਲਰ ਜਾਂ ਹੋਰ ਹਦਾਇਤਾਂ ਆਦਿ ਅਪਲੋਡ ਕੀਤੇ ਜਾਂਦੇ ਹਨ।

3) ਇਸ ਤਕਨਾਲੋਜੀ ਤੋਂ ਬੱਚੇ ਤਾਂ ਕਾਫੀ ਕੁੱਝ ਸਿਖ ਰਹੇ ਹਨ ਪਰ ਸਕੂਲ ਅਧਿਆਪਕ ਜਾਂ ਮੁਖੀਆਂ ਵਲੋਂ ਕੰਪਿਊਟਰ ਜਾਂ ਇੰਟਰਨੈਟ ਆਦਿ ਦੀ ਵਰਤੋਂ ਬਹੁਤ ਘੱਟ ਕੀਤੀ ਜਾ ਰਹੀ ਹੈ। ਇਹ ਆਮ ਵੇਖਣ ਵਿਚ ਆਇਆ ਹੈ ਕਿ ਸਕੂਲ ਮੁਖੀਆਂ ਨੂੰ ਵੈਬ-ਸਾਈਟ ਉੱਤੇ ਪਏ ਪੱਤਰ, ਸਰਕੂਲਰ ਜਾਂ ਸਕੂਲ ਵਲੋਂ ਪੋਰਟਲ ਉੱਤੇ ਅਪਡੇਟ ਕੀਤੀ ਜਾਣਕਾਰੀ ਸਬੰਧੀ ਕਈ ਬਾਰ ਜਾਣਕਾਰੀ ਨਹੀਂ ਹੁੰਦੀ। ਅੱਜ ਦੇ ਯੁੱਗ ਵਿਚ ਸਕੂਲ ਮੁਖੀਆਂ ਅਤੇ ਬਾਕੀ ਸਕੂਲ ਅਮਲੇ ਵਲੋਂ ਕੰਪਿਊਟਰ ਅਤੇ ਸਬੰਧਤ ਤਕਨਾਲੋਜੀ ਦੀ ਵਰਤੋਂ ਕਰਨਾ ਸਮੇਂ ਦੀ ਮੰਗ ਅਤੇ ਜਰੂਰਤ ਵੀ ਬਣ ਗਿਆ ਹੈ।

4) ਉੱਕਤ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਕੂਲ ਮੁਖੀ ਵਲੋਂ ਆਪਣੀ ਦਫਤਰੀ ਵਰਤੋਂ ਲਈ ਕੰਪਿਊਟਰ ਖਰੀਦ ਲਿਆ ਜਾਵੇ, ਜਿਸ ਵਿਚ internet ਅਤੇ printer ਦੀ ਸਹੂਲਤ ਵੀ ਲਈ ਜਾਵੇ ਤਾਂ ਜੋ ਸਕੂਲ ਮੁਖੀ ਕੰਪਿਊਟਰ ਦੀ ਵਰਤੋਂ ਕਰਕੇ ਆਪਣੀ ਕਾਰਜਕੁਸ਼ਲਤਾ ਵਧਾ ਸਕਣ। ਇਹ ਕੰਪਿਊਟਰ ਸਕੂਲ ਵਿਚ ਵਿਦਿਆਰਥੀਆਂ ਲਈ ਚਲਾਈ ਜਾ ਰਹੀ ਕੰਪਿਊਟਰ ਲੈਬ ਦੇ ਕੰਪਿਊਟਰਾਂ ਤੋਂ ਇਲਾਵਾ ਹੋਵੇਗਾ।

5) ਉੱਕਤ ਮੰਤਵ ਲਈ ਕੰਪਿਊਟਰ ਅਤੇ ਇਸ ਨਾਲ ਲੋੜੀਂਦਾ ਸਮਾਨ ਖਰੀਦਣ ਅਤੇ ਇਸ ਦੀ ਫਿਟਿੰਗ ਲਈ ਸਕੂਲ ਦੇ ਫੰਡਾਂ ਵਿਚੋਂ ਖਰਚਾ ਕੀਤਾ ਜਾ ਸਕਦਾ ਹੈ। ਜੇਕਰ ਸਕੂਲ ਮੁਖੀਆਂ ਨੂੰ ਕੰਪਿਊਟਰ ਚਲਾਉਣ ਸਬੰਧੀ ਕੋਈ ਪਰੇਸ਼ਾਨੀ ਆਉਂਦੀ ਹੈ ਤਾਂ ਕੰਪਿਊਟਰ ਅਧਿਆਪਕ ਦੀ ਮਦਦ ਲਈ ਜਾ ਸਕਦੀ ਹੈ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ**